

ਹਰੀਕੇ ਝੀਲ 'ਚ ਮਹਿਮਾਨ ਪੰਛੀਆਂ ਦੇ ਝੁੰਡ ਝੀਲ ਦੀ ਖ਼ੂਬਸੂਰਤੀ ਨੂੰ ਚਾਰ ਚੰਨ ਲਾਉਂਦੇ ਹੋਏ। ਤਸਵੀਰ : ਕੁੰਦਰਾ

ਸੀਰੀਆ 'ਚ ਤਖ਼ਤਾ ਪਲਟ

(ਸਫ਼ਾ 1 ਦੀ ਬਾਕੀ)

ਜਾਇਦਾਦਾਂ ਨੂੰ ਨੁਕਸਾਨ ਨਾ ਪਹੁੰਚਾਉਣ ਦੀ ਅਪੀਲ ਕੀਤੀ ਹੈ। ਰੇਡੀਓ 'ਤੇ ਇਕ ਬਿਆਨ 'ਚ ਦੱਸਿਆ ਗਿਆ ਕਿ ਦਮਿਸ਼ਕ ਹਵਾਈ ਅੱਡੇ ਨੂੰ ਖਾਲੀ ਕਰਵਾ ਲਿਆ ਗਿਆ ਹੈ ਅਤੇ ਸਾਰੀਆਂ ਉਡਾਣਾਂ ਨੂੰ ਰੋਕ ਦਿੱਤਾ ਗਿਆ ਹੈ। ਜਿਵੇਂ ਹੀ ਦਮਿਸ਼ਕ 'ਚ ਦਿਨ ਚੜ੍ਹਿਆ, ਭੀੜ ਸ਼ਹਿਰ ਦੀਆਂ ਮਸਜਿਦਾਂ 'ਚ ਨਮਾਜ਼ ਅਦਾ ਕਰਨ ਲਈ ਅਤੇ ਚੌਕਾਂ ਵਿਚ ਜਸ਼ਨ ਮਨਾਉਣ ਲਈ ਇਕੱਠੀ ਹੋ ਗਈ। ਭੀੜ ਨੇ 'ਰੱਬ ਮਹਾਨ ਹੈ' ਦੇ ਨਾਅਰੇ ਲਗਾਉਂਦਿਆਂ, ਕਾਰਾਂ ਦੇ ਹਾਰਨ ਵਜਾਉਂਦੇ ਹੋਏ ਅਤੇ ਗੋਲੀਬਾਰੀ ਕਰਦਿਆਂ ਅਸਦ ਵਿਰੋਧੀ ਨਾਅਰੇਬਾਜ਼ੀ ਵੀ ਕੀਤੀ। ਜਾਣਕਾਰੀ ਅਨੁਸਾਰ ਸਿਪਾਹੀ ਅਤੇ ਪੁਲਿਸ ਅਧਿਕਾਰੀ ਆਪਣੀਆਂ ਪੋਸਟਾਂ ਛੱਡ ਕੇ ਭੱਜ ਗਏ ਤੇ ਲੁਟੇਰੇ ਰੱਖਿਆ ਮੰਤਰਾਲੇ ਦੇ ਹੈਡਕੁਆਰਟਰ 'ਚ ਦਾਖਲ ਹੋ ਗਏ।

ਸੀਰੀਆ ਦੇ ਦਮਿਸ਼ਕ 'ਚ ਮਰਹੂਮ ਰਾਸ਼ਟਰਪਤੀ ਹਾਫੇਜ਼ ਅਸਦ ਦੀ ਟੁੱਟੇ ਹੋਏ ਬੁੱਤ 'ਤੇ ਪੈਰ ਰੱਖ ਕੇ ਖੜ੍ਹਾ ਬਾਗੀ ਸਮੂਹ ਨਾਲ ਸੰਬੰਧਤ ਇਕ ਵਿਅਕਤੀ।

ਅਸਦ ਨੂੰ ਬਚਾਉਣ 'ਚ ਦਿਲਚਸਪੀ ਨਹੀਂ ਦਿਖਾ ਰਿਹਾ ਰੂਸ-ਟਰੰਪ

ਡੋਨਾਲਡ ਟਰੰਪ ਨੇ ਇਸ ਸੰਬੰਧੀ ਪ੍ਰਤੀਕਿਰਿਆ ਦਿੰਦੇ ਹੋਏ ਸੋਸ਼ਲ ਮੀਡੀਆ 'ਤੇ ਪੋਸਟ ਕੀਤਾ ਕਿ ਅਸਦ ਦਾ ਸਹਿਯੋਗੀ ਰੂਸ ਹੈ, ਰੂਸ ਨੇ ਕਈ ਸਾਲਾਂ ਤੱਕ ਸੀਰੀਆ ਦੀ ਰੱਖਿਆ ਕੀਤੀ ਹੈ ਪਰ ਉਹ ਇਨ੍ਹੀਂ ਦਿਨੀਂ ਯੂਕਰੇਨੀ ਯੁੱਧ 'ਚ ਉਲਝਿਆ ਹੋਇਆ ਹੈ। ਇਸ ਲਈ ਪੁਤਿਨ ਦੀ ਅਗਵਾਈ ਵਾਲਾ ਰੂਸ ਹੁਣ ਉਨ੍ਹਾਂ ਨੂੰ ਬਚਾਉਣ 'ਚ ਦਿਲਚਸਪੀ ਨਹੀਂ ਦਿਖਾ ਰਿਹਾ ਹੈ।

ਸਾਡੇ ਨਾਗਰਿਕ ਸੁਰੱਖਿਅਤ-ਭਾਰਤ

ਦਮਿਸ਼ਕ ਸਥਿਤ ਭਾਰਤੀ ਦੂਤਾਵਾਸ ਨੇ ਇਕ ਬਿਆਨ 'ਚ ਕਿਹਾ ਕਿ ਦੂਤਾਵਾਸ ਸੀਰੀਆ 'ਚ ਮੌਜੂਦ ਸਾਰੇ ਭਾਰਤੀ ਨਾਗਰਿਕਾਂ ਦੇ ਸੰਪਰਕ 'ਚ ਹੈ ਅਤੇ ਉਹ ਸੁਰੱਖਿਅਤ ਹਨ। ਇਸ ਸਮੇਂ ਸੀਰੀਆ 'ਚ ਕਰੀਬ 90 ਭਾਰਤੀ ਨਾਗਰਿਕ ਹਨ, ਜਿਨ੍ਹਾਂ 'ਚ 14 ਸੰਯੁਕਤ ਰਾਸ਼ਟਰ ਸੰਗਠਨ 'ਚ ਕੰਮ ਕਰ ਰਹੇ ਹਨ।

ਸਿੱਧੇ ਤੌਰ 'ਤੇ ਦਖ਼ਲ ਨਹੀਂ ਦੇਵੇਗਾ ਰੂਸ

ਰੂਸ ਦੇ ਵਿਦੇਸ਼ ਮੰਤਰਾਲੇ ਨੇ ਦਾਅਵਾ ਕੀਤਾ ਹੈ ਕਿ ਬਸ਼ਰ ਅਸਦ ਨੇ ਸੀਰੀਆ ਛੱਡਦੇ ਹੋਏ ਸ਼ਾਂਤੀ ਨਾਲ ਸੱਤਾ ਦਾ ਤਬਾਦਲਾ ਕਰਨ ਲਈ ਹਿਦਾਇਤਾਂ ਦਿੱਤੀਆਂ ਹਨ। ਉਨ੍ਹਾਂ ਜਾਣਕਾਰੀ ਦਿੱਤੀ ਕਿ ਰੂਸ ਇਸ ਮਾਮਲੇ 'ਚ ਸਿੱਧੇ ਤੌਰ 'ਤੇ ਦਖਲ ਨਹੀਂ ਦੇਵਾਗਾ।



ਸੀਰੀਆ ਦੇ ਰਾਸ਼ਟਰਪਤੀ ਦੇਸ਼ ਛੱਡ ਕੇ ਭੱਜੇ!
.. ਕੋਈ ਵੀ ਨਹੀਂ ਬਚਾਅ ਸਕਿਆ..?
ਰਾਸ਼ਟਰਪਤੀ
ਲਾਟਾ

ਲਾਹੌਲ-ਸਪੀਤੀ 'ਚ ਸਿਸੂ ਨੇੜੇ ਬਰਫ਼ਬਾਰੀ ਕਾਰਨ ਟ੍ਰੈਫਿਕ ਜਾਮ 'ਚ ਫਸੇ ਯਾਤਰੀ ਵਾਹਨ।

ਮਹਿਮਾਨ ਪੰਛੀਆਂ ਦੀ ਆਮਦ ਨਾਲ ਹਰੀਕੇ ਝੀਲ...

(ਸਫ਼ਾ 1 ਦੀ ਬਾਕੀ)

ਦਾ ਸਫ਼ਰ ਤੈਅ ਕਰਕੇ ਆਉਂਦੇ ਇਹ ਪੰਛੀ ਸਰਦੀ ਦਾ ਮੌਸਮ ਇਥੇ ਬਿਤਾਉਂਦੇ ਹਨ। ਇਨ੍ਹਾਂ ਪੰਛੀਆਂ ਦੇ ਆਉਣ ਦਾ ਮੁੱਖ ਕਾਰਨ ਇਹ ਹੈ ਕਿ ਯੂਰਪ ਦੇਸ਼ਾਂ ਵਿਚ ਬਹੁਤ ਜ਼ਿਆਦਾ ਠੰਢ ਪੈਣ ਕਾਰਨ ਝੀਲਾਂ ਜੰਮ ਜਾਂਦੀਆਂ ਹਨ ਤੇ ਉੱਥੇ ਇਨ੍ਹਾਂ ਪੰਛੀਆਂ ਦਾ ਜੀਵਨ ਬਸਰ ਕਰਨਾ ਔਖਾ ਹੋ ਜਾਂਦਾ ਹੈ। ਜਾਣਕਾਰੀ ਅਨੁਸਾਰ ਇਸ ਸਮੇਂ ਹਜ਼ਾਰਾਂ ਪ੍ਰਵਾਸੀ ਪੰਛੀ ਹਰੀਕੇ ਝੀਲ 'ਤੇ ਪੁੱਜ ਚੁੱਕੇ ਹਨ, ਜਿਨ੍ਹਾਂ ਵਿਚ ਨਾਰਥਨ ਸ਼ਵਲਰ, ਕੋਮਨ ਪੋਚਾਰਡ, ਰੈਡ ਕਰੱਸਟਰਡ ਪੋਚਾਰਡ, ਟਫਟਫ ਡੱਕ, ਗਡਵਾਲ, ਗ੍ਰੇਲੈਗ ਗੀਜ, ਬਾਰ ਹੈਡਿਡ ਗੀਜ, ਕੂਟ, ਲਿਟਲ ਗਰੈਬ ਅਤੇ ਮੋਲਾਰਡ ਆਦਿ ਪ੍ਰਮੁੱਖ ਹਨ।

ਸੈਲਾਨੀ ਤੱਕ ਸਕਦੇ ਹਨ ਨਜ਼ਦੀਕ ਤੋਂ ਪੰਛੀਆਂ ਦਾ ਨਜ਼ਾਰਾ

ਹਰੀਕੇ ਝੀਲ ਵਿਚ ਪੁੱਜੇ ਮਹਿਮਾਨ ਪੰਛੀਆਂ ਦਾ ਨਜ਼ਾਰਾ ਨੇੜੇ ਤੋਂ ਤੱਕਣ ਲਈ ਹਰ ਸਾਲ ਸੈਲਾਨੀ ਦੇਸ਼-ਵਿਦੇਸ਼ ਤੋਂ ਪਹੁੰਚਦੇ ਹਨ। ਸੈਲਾਨੀ ਹਰੀਕੇ ਹੈੱਡ ਵਰਕਸ ਨਜ਼ਦੀਕ ਹਰੀਕੇ ਝੀਲ ਦੇ ਐਂਟਰੀ ਪੁਆਇੰਟ 'ਤੇ ਬਣੀ ਲੱਕੜ ਵਾਲੀ ਚੈਕ ਪੋਸਟ 'ਤੇ ਟਿਕਟ ਲੈ ਕੇ ਝੀਲ ਅੰਦਰ ਦਾਖ਼ਲ ਹੋ ਸਕਦੇ ਹਨ ਅਤੇ ਵਿਭਾਗ ਵਲੋਂ ਸੈਲਾਨੀਆਂ ਲਈ 20 ਰੁਪਏ ਐਂਟਰੀ ਟਿਕਟ ਰੱਖੀ ਗਈ ਹੈ।

ਪ੍ਰਵਾਸੀ ਪੰਛੀਆਂ ਦੀ ਸੁਰੱਖਿਆ ਲਈ ਦਿਨ ਰਾਤ ਗਸ਼ਤ-ਕਮਲਜੀਤ ਸਿੰਘ

ਜੰਗਲੀ ਜੀਵ ਤੇ ਵਣ ਵਿਭਾਗ ਹਰੀਕੇ ਦੇ ਰੇਂਜ ਅਫ਼ਸਰ ਕਮਲਜੀਤ ਸਿੰਘ ਨੇ ਦੱਸਿਆ ਕਿ ਆਉਂਦੇ ਦਿਨਾਂ ਦੌਰਾਨ ਪ੍ਰਵਾਸੀ ਪੰਛੀਆਂ ਦੀ ਆਮਦ ਵਿਚ ਭਾਰੀ ਵਾਧਾ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਵਿਭਾਗ ਵਲੋਂ ਪ੍ਰਵਾਸੀ ਪੰਛੀਆਂ ਦੀ ਸੁਰੱਖਿਆ ਨੂੰ ਲੈ ਕੇ ਦਿਨ ਰਾਤ ਗਸ਼ਤ ਕੀਤੀ ਜਾ ਰਹੀ ਹੈ।

ਹਮਲਾਵਰ ਵਤੀਰਾ ਭਾਰਤ ਲਈ ਸ਼ਰਮਿੰਦਗੀ ਦੀ ਵਜ੍ਹਾ-ਸ਼ਸ਼ੀ ਥਰੂਰ ਨੇ ਭਾਜਪਾ 'ਤੇ ਕੱਸਿਆ ਨਿਸ਼ਾਨਾ

ਨਵੀਂ ਦਿੱਲੀ, 8 ਦਸੰਬਰ (ਏਜੰਸੀ)- ਅਮਰੀਕਾ ਨੇ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦੇ ਉਨ੍ਹਾਂ ਦੋਸ਼ਾਂ ਨੂੰ ਖਾਰਜ ਕਰ ਦਿੱਤਾ ਕਿ ਭਾਰਤ ਨੂੰ ਅਸਥਿਰ ਕਰਨ ਦੀਆਂ ਕੋਸ਼ਿਸ਼ਾਂ ਪਿੱਛੇ ਅਮਰੀਕੀ 'ਡੀਪ ਸਟੇਟ' ਤੱਤ ਹਨ, ਜਿਸ ਮਗਰੋਂ ਸੀਨੀਅਰ ਕਾਂਗਰਸੀ ਆਗੂ ਸ਼ਸ਼ੀ ਥਰੂਰ ਨੇ ਅੱਜ ਭਾਜਪਾ 'ਤੇ ਨਿਸ਼ਾਨਾ ਕੱਸਦਿਆਂ ਕਿਹਾ ਕਿ ਇਹ ਹਮਲਾਵਰ ਵਤੀਰਾ ਭਾਰਤ ਲਈ ਸ਼ਰਮਿੰਦਗੀ ਦੀ ਗੱਲ ਹੈ। ਅਮਰੀਕਾ ਨੇ ਸਨਿਚਰਵਾਰ ਨੂੰ ਭਾਜਪਾ ਦੇ ਉਨ੍ਹਾਂ ਦੋਸ਼ਾਂ ਨੂੰ ਖ਼ਾਰਜ ਕਰ ਦਿੱਤਾ ਕਿ ਅਮਰੀਕੀ ਵਿਦੇਸ਼ ਮੰਤਰਾਲੇ ਵਲੋਂ ਫੰਡਿਡ ਸੰਸਥਾ ਅਤੇ ਅਮਰੀਕੀ 'ਡੀਪ ਸਟੇਟ' ਤੱਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕਾਰੋਬਾਰੀ ਗੌਤਮ ਅਡਾਨੀ ਨੂੰ ਨਿਸ਼ਾਨਾ ਬਣਾ ਕੇ ਕੀਤੇ ਜਾ ਰਹੇ ਹਮਲਿਆਂ ਰਾਹੀਂ ਭਾਰਤ ਨੂੰ ਅਸਥਿਰ ਕਰਨ ਦੀਆਂ ਕੋਸ਼ਿਸ਼ਾਂ ਦੇ ਪਿੱਛੇ ਹਨ। ਅਮਰੀਕੀ ਦੂਤਘਰ ਦੇ ਇਕ ਬੁਲਾਰੇ ਨੇ ਦੋਸ਼ਾਂ ਨੂੰ ਨਿਰਾਸ਼ਾਜਨਕ ਦੱਸਿਆ ਅਤੇ ਕਿਹਾ ਕਿ ਅਮਰੀਕਾ ਸਰਕਾਰ ਦੁਨੀਆ ਭਰ 'ਚ ਮੀਡੀਆ ਦੀ ਆਜ਼ਾਦੀ ਦੀ ਪੈਰੋਕਾਰ ਰਹੀ ਹੈ। ਇਸ ਤੋਂ ਪਹਿਲਾਂ ਭਾਜਪਾ ਨੇ ਵੀਰਵਾਰ ਨੂੰ ਦੋਸ਼ ਲਾਇਆ ਸੀ ਕਿ ਅਮਰੀਕਾ ਦੀਆਂ ਸਰਕਾਰੀ ਸੰਸਥਾਵਾਂ 'ਚ ਸ਼ਾਮਿਲ ਤੱਤਾਂ ਨੇ ਭਾਰਤ ਦੇ ਅਕਸ ਨੂੰ ਨੁਕਸਾਨ ਪਹੁੰਚਾਉਣ ਲਈ ਮੀਡੀਆ ਪੋਰਟਲ ਓ. ਸੀ. ਸੀ. ਆਰ. ਪੀ. (ਆਰਗੇਨਾਈਜ਼ਡ ਕ੍ਰਾਈਮ ਐਂਡ ਕੁਰੱਪਸ਼ਨ ਰਿਪੋਰਟਿੰਗ ਪ੍ਰਾਜੈਕਟ) ਤੇ ਕਾਂਗਰਸ ਆਗੂ ਰਾਹੁਲ ਗਾਂਧੀ ਨਾਲ ਮਿਲੀਭੁਗਤ ਕੀਤੀ। ਥਰੂਰ ਨੇ 'ਐਕਸ' 'ਤੇ ਪਾਈ ਪੋਸਟ 'ਚ ਕਿਹਾ ਕਿ ਇਹ ਸਪੱਸ਼ਟ ਹੈ ਕਿ ਭਾਜਪਾ ਨੂੰ ਨਾ ਤਾਂ ਲੋਕਤੰਤਰ ਦੀ ਸਮਝ ਹੈ ਤੇ ਨਾ ਹੀ ਕੂਟਨੀਤੀ ਦੀ।

ਸ਼ਿਮਲਾ, ਕੁਫ਼ਰੀ ਤੇ ਲਾਹੌਲ-ਸਪੀਤੀ 'ਚ ਮੌਸਮ ਦੀ ਪਹਿਲੀ ਬਰਫ਼ਬਾਰੀ

ਮੈਦਾਨੀ ਇਲਾਕਿਆਂ 'ਚ ਠੰਢ ਵਧੀ

ਸ਼ਿਮਲਾ, 8 ਦਸੰਬਰ (ਏਜੰਸੀ)- ਸ਼ਿਮਲਾ ਅਤੇ ਨਾਲ ਲਗਦੇ ਸੈਰ-ਸਪਾਟਾ ਕਸਬਿਆਂ ਕੁਫਰੀ ਤੇ ਫਾਗੂ 'ਚ ਮੌਸਮ ਦੀ ਪਹਿਲੀ ਬਰਫ਼ਬਾਰੀ ਹੋਈ, ਜਦਕਿ ਹਿਮਾਚਲ ਪ੍ਰਦੇਸ਼ ਦੇ ਕਬਾਇਲੀ ਲਾਹੌਲ ਤੇ ਸਪਿਤੀ ਜ਼ਿਲ੍ਹੇ ਦੇ ਉੱਚੇ ਇਲਾਕਿਆਂ 'ਚ ਰੁਕ-ਰੁਕ ਕੇ ਹੋ ਰਹੀ ਬਰਫ਼ਬਾਰੀ ਨਾਲ ਲਗਦੀਆਂ ਘਾਟੀਆਂ 'ਚ ਠੰਢ ਵਧ ਗਈ ਹੈ। ਲਾਹੌਲ ਨੂੰ ਬਰਫ਼ ਦੀ ਪਤਲੀ ਪਰਤ ਨੇ ਢੱਕਿਆ ਹੋਇਆ ਹੈ, ਜਿਸ ਨਾਲ ਆਵਾਜਾਈ ਪ੍ਰਭਾਵਿਤ ਹੋ ਰਹੀ ਹੈ, ਕਿਉਂਕਿ ਤਿਲਕਣ ਭਰੀ ਸੜਕ ਨੇ ਆਉਣ-ਜਾਣ ਨੂੰ ਖ਼ਤਰਨਾਕ ਬਣਾ ਦਿੱਤਾ ਹੈ। ਉੱਚੇ ਪਹਾੜੀ ਰਾਹਾਂ ਤੇ ਹੋਰ ਉੱਚਾਈ ਵਾਲੇ ਕਬਾਇਲੀ ਖੇਤਰਾਂ 'ਚ ਵੀ ਤਾਜ਼ਾ ਬਰਫ਼ਬਾਰੀ ਹੋਈ ਹੈ। ਮੌਸਮ ਵਿਭਾਗ ਨੇ ਸੂਬੇ ਦੇ ਵੱਖ-ਵੱਖ ਥਾਵਾਂ 'ਤੇ ਹੋਰ ਬਰਫ਼ਬਾਰੀ ਤੇ ਮੀਂਹ ਪੈਣ ਦੀ ਭਵਿੱਖਬਾਣੀ ਕੀਤੀ ਹੈ।

ਨਿਗਮ, ਕੌਂਸਲ ਤੇ ਨਗਰ...

(ਸਫ਼ਾ 1 ਦੀ ਬਾਕੀ)

ਦੇ ਖ਼ਰਚਿਆਂ ਦੀ ਸੀਮਾ ਬਾਰੇ ਗੱਲ ਕਰਦਿਆਂ ਦੱਸਿਆ ਕਿ ਨਗਰ ਨਿਗਮ ਲਈ 4,00,000 ਰੁਪਏ, ਨਗਰ ਕੌਂਸਲ ਕਲਾਸ-1 ਲਈ 3,60,000 ਰੁਪਏ, ਨਗਰ ਕੌਂਸਲ ਕਲਾਸ-2 ਲਈ 2,30,000 ਰੁਪਏ ਤੇ ਨਗਰ ਕੌਂਸਲ ਕਲਾਸ-3 ਲਈ 2,00,000 ਰੁਪਏ ਨੋਟੀਫਾਈ ਕੀਤੀ ਗਈ ਹੈ। ਨਗਰ ਪੰਚਾਇਤ ਲਈ ਚੋਣ ਲੜ ਰਹੇ ਉਮੀਦਵਾਰ ਲਈ ਖ਼ਰਚੇ ਦੀ ਸੀਮਾ 1,40,000 ਰੁਪਏ ਨੋਟੀਫਾਈ ਕੀਤੀ ਗਈ ਹੈ। ਚੌਧਰੀ ਨੇ ਕਿਹਾ ਕਿ ਆਜ਼ਾਦਾਨਾ ਤੇ ਸ਼ਾਂਤੀਪੂਰਨ ਢੰਗ ਨਾਲ ਚੋਣਾਂ ਨੂੰ ਨੇਪਰੇ ਚਾੜ੍ਹਨ ਲਈ ਸਾਰੇ ਪ੍ਰਬੰਧ ਮੁਕੰਮਲ ਕੀਤੇ ਜਾ ਚੁੱਕੇ ਹਨ। ਨਾਲ ਉਨ੍ਹਾਂ ਇਹ ਵੀ ਜਾਣਕਾਰੀ ਦਿੱਤੀ ਕਿ 25 ਆਈ.ਪੀ.ਐਸ/ਪੀ.ਸੀ.ਐਸ ਅਫ਼ਸਰਾਂ ਨੂੰ ਜਿਨ੍ਹਾਂ ਜ਼ਿਲ੍ਹਿਆਂ 'ਚ ਚੋਣ ਹੋਣੀ ਹੈ ਉਥੇ ਜਨਰਲ ਆਬਜ਼ਰਵਰ ਵਜੋਂ ਵੀ ਨਿਯੁਕਤ ਕੀਤਾ ਜਾਵੇਗਾ।

ਕੈਨੇਡਾ 'ਚ ਪੰਜਾਬੀ ਵਿਦਿਆਰਥੀ...

(ਸਫ਼ਾ 1 ਦੀ ਬਾਕੀ)

ਸੀ.ਸੀ.ਟੀ.ਵੀ. 'ਚ ਤਿੰਨ ਵਿਅਕਤੀ ਹਰਸ਼ਨਦੀਪ ਨੂੰ ਪੌੜੀਆਂ ਤੋਂ ਹੇਠਾਂ ਧੱਕਦੇ ਦਿਖਾਈ ਦਿੰਦੇ ਹਨ, ਜਿਨ੍ਹਾਂ 'ਚੋਂ ਇਕ ਨੇ ਪਿੱਛੇ ਤੋਂ ਉਸ ਦੇ ਗੋਲੀ ਮਾਰ ਦਿੱਤੀ। ਸਥਾਨਕ ਪੁਲਿਸ ਨੇ 2 ਸ਼ੱਕੀਆਂ ਨੂੰ ਫੜ ਲਿਆ, ਜਿਨ੍ਹਾਂ ਦੀ ਪਛਾਣ 30 ਸਾਲਾ ਇਵਾਨ ਰੇਨ ਤੇ ਜੂਡਿਥ ਸੌਲਟੌਕਸ ਵਜੋਂ ਹੋਈ ਹੈ। ਦੋਵਾਂ 'ਤੇ ਪਹਿਲਾ ਦਰਜਾ ਹੱਤਿਆ ਦਾ ਦੋਸ਼ ਲਗਾਇਆ ਗਿਆ ਹੈ।

ਮੌਸਮ

09.12.2024

ਸ਼ਹਿਰ		ਤਾਪਮਾਨ
ਚੰਡੀਗੜ੍ਹ	ਵੱਧ ਤੋਂ ਵੱਧ	20.0 ਸੈਂ:
	ਘੱਟ ਤੋਂ ਘੱਟ	07.0 ਸੈਂ:
ਅੰਮ੍ਰਿਤਸਰ	ਵੱਧ ਤੋਂ ਵੱਧ	19.0 ਸੈਂ:
	ਘੱਟ ਤੋਂ ਘੱਟ	06.0 ਸੈਂ:
ਜਲੰਧਰ	ਵੱਧ ਤੋਂ ਵੱਧ	19.0 ਸੈਂ:
	ਘੱਟ ਤੋਂ ਘੱਟ	06.0 ਸੈਂ:
ਬਠਿੰਡਾ	ਵੱਧ ਤੋਂ ਵੱਧ	20.0 ਸੈਂ:
	ਘੱਟ ਤੋਂ ਘੱਟ	07.0 ਸੈਂ:
ਲੁਧਿਆਣਾ	ਵੱਧ ਤੋਂ ਵੱਧ	20.0 ਸੈਂ:
	ਘੱਟ ਤੋਂ ਘੱਟ	07.0 ਸੈਂ:

ਦਿਨ ਦੀ ਲੰਬਾਈ 10 ਘੰਟੇ 10 ਮਿੰਟ

ਸੂਰਜ ਚੜ੍ਹਨ ਦਾ ਸਮਾਂ ਸਵੇਰੇ 7:15:48 ਸਕਿੰਟ
ਸੂਰਜ ਡੁੱਬਣ ਦਾ ਸਮਾਂ ਸ਼ਾਮ 5:26:31 ਸਕਿੰਟ

ਭਵਿੱਖਬਾਣੀ

ਕਈ ਥਾਵਾਂ 'ਤੇ ਬੱਦਲਵਾਈ ਤੇਜ਼ ਹਨੇਰੀ ਦੇ ਨਾਲ ਮੀਂਹ ਪੈਣ ਦੀ ਸੰਭਾਵਨਾ।

ਪੀ.ਐਸ.ਯੂ. ਦਾ ਸੀਨੀਅਰ ਅਧਿਕਾਰੀ 10 ਲੱਖ ਦੀ ਰਿਸ਼ਵਤ ਸਮੇਤ ਗ੍ਰਿਫ਼ਤਾਰ

ਨਵੀਂ ਦਿੱਲੀ, 8 ਦਸੰਬਰ (ਪੀ. ਟੀ. ਆਈ.)-ਸੀ.ਬੀ.ਆਈ. ਨੇ ਰਿਸ਼ਵਤ ਦੇ ਇਕ ਮਾਮਲੇ 'ਚ ਕੇਂਦਰੀ ਪੀ.ਐਸ.ਯੂ. ਬ੍ਰਿਜ ਐਂਡ ਰੂਫ ਕੰਪਨੀ (ਇੰਡੀਆ) ਲਿਮਟਿਡ ਦੇ ਇਕ ਸੀਨੀਅਰ ਅਧਿਕਾਰੀ ਚੰਚਲ ਮੁਖਰਜੀ ਨੂੰ ਗ੍ਰਿਫ਼ਤਾਰ ਕੀਤਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਭੁਵਨੇਸ਼ਵਰ 'ਚ ਉਸ ਦੀ ਲਗਜ਼ਰੀ ਕਾਰ 'ਚੋਂ 10 ਲੱਖ ਰੁਪਏ ਜ਼ਬਤ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ 2 ਹੋਰ ਵਿਅਕਤੀਆਂ ਪੈਂਟਾ ਏ ਸਟੂਡੀਓ ਪ੍ਰਾਈਵੇਟ ਲਿਮਟਿਡ ਦੇ ਡਾਇਰੈਕਟਰ ਸੰਤੋਸ਼ ਮੋਹਰਾਣਾ ਤੇ ਇਕ ਦੇਬਾਦੱਤਾ ਮਹਾਪਾਤਰਾ ਨੂੰ ਵੀ ਮੁਖਰਜੀ ਨੂੰ ਰਿਸ਼ਵਤ ਦੇਣ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ ਹੈ। ਸੀ.ਬੀ.ਆਈ. ਦੇ ਅਨੁਸਾਰ ਮੁਲਜ਼ਮ ਕਥਿਤ ਤੌਰ 'ਤੇ ਭ੍ਰਿਸ਼ਟ ਤੇ ਗੈਰ-ਕਾਨੂੰਨੀ ਗਤੀਵਿਧੀਆਂ 'ਚ ਸ਼ਾਮਿਲ ਸਨ।

ਕਾਂਗਰਸ ਵਲੋਂ ਭਾਰਤ-ਚੀਨ...

(ਸਫ਼ਾ 1 ਦੀ ਬਾਕੀ)

ਪਹਿਲਾਂ ਦੀ 'ਪੁਰਾਣੀ ਆਮ ਸਥਿਤੀ' ਦੀ ਜਗ੍ਹਾ 'ਨਵੀਂ ਆਮ ਸਥਿਤੀ' 'ਤੇ ਸਹਿਮਤ ਹੋ ਗਈ ਹੈ। ਕਾਂਗਰਸ ਦੇ ਜਨਰਲ ਸਕੱਤਰ (ਸੰਚਾਰ ਇੰਚਾਰਜ) ਜੈਰਾਮ ਰਮੇਸ਼ ਨੇ ਕਿਹਾ ਕਿ ਭਾਰਤ-ਚੀਨ ਸੰਬੰਧਾਂ 'ਤੇ ਸੰਸਦ 'ਚ ਚਰਚਾ ਰਣਨੀਤਕ ਤੇ ਆਰਥਿਕ ਨੀਤੀ ਦੋਹਾਂ 'ਤੇ ਕੇਂਦਰਿਤ ਹੋਣੀ ਚਾਹੀਦੀ ਹੈ, ਖ਼ਾਸ ਕਰ ਕੇ, ਇਸ ਵਾਸਤੇ ਕਿਉਂਕਿ ਚੀਨ 'ਤੇ ਦੇਸ਼ ਦੀ ਨਿਰਭਰਤਾ ਆਰਥਿਕ ਤੌਰ 'ਤੇ ਵਧ ਗਈ ਹੈ, ਜਦਕਿ ਉਸ ਨੇ ਚਾਰ ਸਾਲ ਪਹਿਲਾਂ ਸਾਡੀਆਂ ਸਰਹੱਦਾਂ 'ਤੇ ਸਟੇਟਸ ਕੋਅ ਨੂੰ ਇਕਪਾਸੜ ਤੌਰ 'ਤੇ ਬਦਲ ਦਿੱਤਾ ਸੀ। ਰਮੇਸ਼ ਨੇ ਇਕ ਬਿਆਨ 'ਚ ਕਿਹਾ ਕਿ ਕਾਂਗਰਸ ਨੇ ਸੰਸਦ ਦੇ ਦੋਵੇਂ ਸਦਨਾਂ 'ਚ 'ਚੀਨ ਨਾਲ ਭਾਰਤ ਦੇ ਸੰਬੰਧਾਂ 'ਚ ਹਾਲ ਹੀ ਦੇ ਘਟਨਾਕ੍ਰਮ' ਸਿਰਲੇਖ ਨਾਲ ਵਿਦੇਸ਼ ਮੰਤਰੀ ਐਸ ਜੈਸ਼ੰਕਰ ਵਲੋਂ ਹਾਲ 'ਚ ਆਪਣੇ ਵਲੋਂ ਦਿੱਤੇ ਗਏ ਬਿਆਨ ਦਾ ਅਧਿਐਨ ਕੀਤਾ ਹੈ।

'ਇੰਡੀਆ' ਗੱਠਜੋੜ ਦੀ ਕਮਾਨ ਸੰਭਾਲਣ ਲਈ ਮਮਤਾ ਬੈਨਰਜੀ ਸਭ ਤੋਂ ਢੁਕਵੀਂ ਨੇਤਾ-ਤ੍ਰਿਣਮੂਲ

ਨਵੀਂ ਦਿੱਲੀ, 8 ਦਸੰਬਰ (ਪੀ. ਟੀ. ਆਈ.)-ਤ੍ਰਿਣਮੂਲ ਕਾਂਗਰਸ ਨੇ ਆਪਣੀ ਮੁਖੀ ਮਮਤਾ ਬੈਨਰਜੀ ਨੂੰ 'ਇੰਡੀਆ' ਗੱਠਜੋੜ ਦੀ ਨੇਤਾ ਬਣਾਉਣ ਦੀ ਮੰਗ ਦੀ ਜ਼ੋਰਦਾਰ ਵਕਾਲਤ ਕੀਤੀ ਹੈ। ਪਾਰਟੀ ਦੇ ਸੰਸਦ ਮੈਂਬਰ ਕੀਰਤੀ ਆਜ਼ਾਦ ਨੇ ਕਿਹਾ ਕਿ ਉਹ ਇਸ ਅਹੁਦੇ ਲਈ ਸਭ ਤੋਂ ਢੁਕਵੀਂ ਹੈ, ਕਿਉਂਕਿ ਉਹ ਇਕਲੌਤੀ ਨੇਤਾ ਹੈ, ਜਿਸ ਨੇ ਭਾਜਪਾ ਨੂੰ ਵਾਰ-ਵਾਰ ਹਰਾਇਆ ਹੈ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਬੈਨਰਜੀ ਦੇ ਬਿਆਨ ਨੇ ਵਿਰੋਧੀ ਗੱਠਜੋੜ ਦੀ ਕਮਾਨ ਸੰਭਾਲਣ ਦੇ ਉਸ ਦੇ ਇਰਾਦੇ ਦੀ ਪ੍ਰੋੜਤਾ ਕਰਦੇ ਹੋਏ ਐਨ.ਸੀ.ਪੀ. (ਐਸ.ਪੀ.) ਦੇ ਮੁਖੀ ਸ਼ਰਦ ਪਵਾਰ ਦਾ ਸਮਰਥਨ ਕੀਤਾ, ਜਿਨ੍ਹਾਂ ਉਸ ਨੂੰ ਇਕ ਸਮਰੱਥ ਨੇਤਾ ਦੱਸਿਆ ਸੀ, ਜਦਕਿ ਰਾਸ਼ਟਰੀ ਜਨਤਾ ਦਲ (ਆਰ.ਜੇ.ਡੀ.) ਦੇ ਨੇਤਾ ਤੇਜਸਵੀ ਯਾਦਵ ਨੇ ਜ਼ੋਰ ਦੇ ਕੇ ਕਿਹਾ ਕਿ ਫੈਸਲਾ ਸਹਿਮਤੀ ਨਾਲ ਹੋਣਾ ਚਾਹੀਦਾ ਹੈ। ਕੀਰਤੀ ਯਾਦਵ ਨੇ ਕੋਲਕਾਤਾ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮਮਤਾ ਬੈਨਰਜੀ ਦੇ ਸਮੂਹ ਦੀ ਅਗਵਾਈ ਕਰਨ ਨੂੰ ਲੈ ਕੇ ਸਾਡੇ ਕੋਲ ਕੋਈ ਮੁੱਦਾ ਨਹੀਂ ਹੈ ਪਰ ਭਾਜਪਾ ਵਿਰੋਧੀ ਗੱਠਜੋੜ 'ਚ ਬਹੁਤ ਸਾਰੇ ਸੀਨੀਅਰ ਨੇਤਾਵਾਂ ਨੂੰ ਧਿਆਨ 'ਚ ਰੱਖਦੇ ਹੋਏ ਨੇਤਾ ਚੁਣਨ 'ਤੇ ਇਕੱਠੇ ਬੈਠਣ ਤੇ ਸਮੂਹਿਕ ਫੈਸਲਾ ਲੈਣ ਦੀ ਜ਼ਰੂਰਤ ਹੈ। ਜ਼ਿਕਰਯੋਗ ਹੈ ਕਿ ਬੀਤੇ ਦਿਨ ਇਕ ਖ਼ਬਰ ਚੈਨਲ ਨੂੰ ਦਿੱਤੇ ਇੰਟਰਵਿਊ 'ਚ ਮਮਤਾ ਬੈਨਰਜੀ ਨੇ ਵਿਰੋਧੀ 'ਇੰਡੀਆ' ਗੱਠਜੋੜ ਦੇ ਕੰਮਕਾਜ 'ਤੇ ਅਸੰਤੁਸ਼ਟੀ ਜ਼ਾਹਰ ਕੀਤੀ ਸੀ ਅਤੇ ਮੌਕਾ ਮਿਲਣ 'ਤੇ ਗੱਠਜੋੜ ਦੀ ਕਮਾਨ ਸੰਭਾਲਣ ਲਈ ਤਿਆਰ ਹੋਣ ਦਾ ਸੰਕੇਤ ਦਿੱਤਾ ਸੀ। ਉਨ੍ਹਾਂ ਕਿਹਾ ਸੀ ਕਿ ਉਹ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਵਜੋਂ ਆਪਣੀ ਭੂਮਿਕਾ ਨੂੰ ਜਾਰੀ ਰੱਖਦੇ ਹੋਏ ਵਿਰੋਧੀ ਮੋਰਚੇ ਨੂੰ ਚਲਾਉਣ ਦੀ ਦੋਹਰੀ ਜ਼ਿੰਮੇਵਾਰੀ ਸੰਭਾਲ ਸਕਦੇ ਹਨ।

ਜੈਸ਼ੰਕਰ ਵਲੋਂ ਬਹਿਰੀਨ ਦੇ ਹਮਰੁਤਬਾ...

(ਸਫ਼ਾ 1 ਦੀ ਬਾਕੀ)

ਮਨਾਮਾ ਡਾਇਲਾਗ ਨੂੰ ਸੰਬੋਧਨ ਕੀਤਾ, ਜਿਥੇ ਉਨ੍ਹਾਂ ਖਾੜੀ ਤੇ ਭੂਮੱਧ ਸਾਗਰ ਖੇਤਰਾਂ ਨੂੰ ਭਾਰਤ ਦੇ ਮਹੱਤਵ ਬਾਰੇ ਤੇ ਖੇਤਰ ਦੇ ਅੰਦਰ, ਆਲੇ-ਦੁਆਲੇ ਤੇ ਬਾਹਰ ਆਰਥਿਕ, ਰਾਜਨੀਤਿਕ, ਸੰਪਰਕ ਤੇ ਸੁਰੱਖਿਆ ਸਹਿਯੋਗ ਨੂੰ ਹੁਲਾਰਾ ਦੇਣ ਦੀ ਆਪਣੀ ਵਚਨਬੱਧਤਾ ਬਾਰੇ ਗੱਲ ਕੀਤੀ। ਮਨਾਮਾ ਡਾਇਲਾਗ 2024 ਮੌਕੇ ਜੈਸ਼ੰਕਰ ਨੇ ਚੈੱਕ ਗਣਰਾਜ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਟੋਮਾਸ ਪੋਜਾਰ ਨਾਲ ਮੁਲਾਕਾਤ ਕੀਤੀ ਤੇ ਦੁਵੱਲੇ ਸਬੰਧਾਂ 'ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ। ਉਨ੍ਹਾਂ ਐਸਟੋਨੀਆ ਦੇ ਵਿਦੇਸ਼ ਮੰਤਰੀ ਮਾਰਗਸ ਤਸਹਿਕਨਾ ਨਾਲ ਲਾਭਦਾਇਕ ਮੀਟਿੰਗ ਵੀ ਕੀਤੀ। ਉਨ੍ਹਾਂ ਬਰਤਾਨਵੀ ਸ਼ੈਡੋ ਵਿਦੇਸ਼ ਸਕੱਤਰ ਪ੍ਰੀਤੀ ਪਟੇਲ ਨਾਲ ਵੀ ਗੱਲਬਾਤ ਕੀਤੀ। ਜੈਸ਼ੰਕਰ ਕਤਰ ਦੀ ਯਾਤਰਾ ਖਤਮ ਕਰਨ ਤੋਂ ਬਾਅਦ ਬਹਿਰੀਨ ਪਹੁੰਚੇ, ਜਿਸ ਦੌਰਾਨ ਉਨ੍ਹਾਂ ਦੇਸ਼ ਦੀ ਚੋਟੀ ਦੀ ਲੀਡਰਸ਼ਿਪ ਦੇ ਨਾਲ-ਨਾਲ ਹੋਰ ਦੇਸ਼ਾਂ ਦੇ ਨੇਤਾਵਾਂ ਨਾਲ ਮੁਲਾਕਾਤ ਕੀਤੀ।

ਹਰਿਆਣਾ 'ਚ ਪੁੱਤਰ ਵਲੋਂ...

(ਸਫ਼ਾ 1 ਦੀ ਬਾਕੀ)

ਆਪਣੀ ਮਾਂ ਅੰਮ੍ਰਿਤ ਕੌਰ ਦੀ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ ਤੇ ਖ਼ੁਦ ਜ਼ਹਿਰ ਨਿਗਲਣ ਤੋਂ ਪਹਿਲਾਂ ਆਪਣੇ ਬੇਟੇ ਕੇਸ਼ਵ ਸਿੰਘ (13) ਦੀ ਵੀ ਗਲਾ ਘੁੱਟਣ ਦੀ ਕੋਸ਼ਿਸ਼ ਕੀਤੀ। ਅਧਿਕਾਰੀਆਂ ਨੇ ਦੱਸਿਆ ਕਿ ਲੜਕਾ ਬੇਹੋਸ਼ ਪਾਇਆ ਗਿਆ ਹੈ ਤੇ ਉਸ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਪੁਲਿਸ ਨੇ ਦੱਸਿਆ ਕਿ ਐਤਵਾਰ ਸਵੇਰੇ ਜਦੋਂ ਨਾਇਬ ਸਿੰਘ ਦਾ ਰਿਸ਼ਤੇਦਾਰ ਉਨ੍ਹਾਂ ਦੇ ਘਰ ਗਿਆ ਤਾਂ ਉਸ ਨੇ ਘਰ ਅੰਦਰੋਂ ਬੰਦ ਦੇਖਿਆ। ਕੋਈ ਜਵਾਬ ਨਾ ਮਿਲਣ 'ਤੇ ਉਸ ਨੇ ਦਰਵਾਜ਼ਾ ਤੋੜ ਦਿੱਤਾ। ਪੁਲਿਸ ਨੇ ਦੱਸਿਆ ਕਿ ਉਸ ਨੇ ਨਾਇਬ ਸਿੰਘ ਤੇ ਅੰਮ੍ਰਿਤ ਕੌਰ ਨੂੰ ਖ਼ੂਨ ਨਾਲ ਲੱਥਪੱਥ ਪਾਇਆ। ਉਹ ਘਰ ਦੀ ਹੇਠਲੀ ਮੰਜ਼ਿਲ 'ਤੇ ਆਪਣੇ ਕਮਰੇ 'ਚ ਬੈੱਡ 'ਤੇ ਲੇਟੇ ਹੋਏ ਸਨ। ਦੁਸ਼ਯੰਤ ਸਿੰਘ, ਉਸ ਦੀ ਪਤਨੀ ਤੇ ਬੇਟਾ ਘਰ ਦੀ ਪਹਿਲੀ ਮੰਜ਼ਿਲ 'ਤੇ ਜ਼ਖ਼ਮੀ ਹਾਲਤ 'ਚ ਮਿਲੇ। ਉਨ੍ਹਾਂ ਨੂੰ ਨਿੱਜੀ ਹਸਪਤਾਲ ਲਿਜਾਇਆ ਗਿਆ, ਜਿਥੇ ਦੁਸ਼ਯੰਤ ਸਿੰਘ ਤੇ ਉਸ ਦੀ ਪਤਨੀ ਦੀ ਮੌਤ ਹੋ ਗਈ।

ਪੰਜਾਬ 'ਚ ਹਾਈਵੇਅ ਜਾਮ...

(ਸਫ਼ਾ 1 ਦੀ ਬਾਕੀ)

ਵਲੋਂ ਰਾਸ਼ਟਰੀ ਰਾਜਮਾਰਗਾਂ ਅਤੇ ਰੇਲਵੇ ਟਰੈਕਾਂ ਨੂੰ ਬੰਦ ਨਾ ਕਰਨ ਨੂੰ ਯਕੀਨੀ ਬਣਾਉਣ ਲਈ ਕੇਂਦਰ ਅਤੇ ਹੋਰਾਂ ਨੂੰ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਹੈ। ਸੁਪਰੀਮ ਕੋਰਟ ਦੀ ਵੈੱਬਸਾਈਟ 'ਤੇ ਅਪਲੋਡ ਕੀਤੀ ਗਈ 9 ਦਸੰਬਰ ਦੀ ਕਾਰਨ ਸੂਚੀ ਅਨੁਸਾਰ ਜਸਟਿਸ ਸੂਰਿਆ ਕਾਂਤ ਦੀ ਅਗਵਾਈ ਵਾਲੀ ਬੈਂਚ ਪਟੀਸ਼ਨ 'ਤੇ ਸੁਣਵਾਈ ਕਰੇਗੀ।

ਐਂਬੂਲੈਂਸ ਲਈ ਕਿਰਾਇਆ ਨਾ ਹੋਣ ਕਾਰਨ ਔਰਤ...

(ਸਫ਼ਾ 1 ਦੀ ਬਾਕੀ)

ਸ਼ਿਕਾਇਤ ਕੀਤੀ। ਬਾਅਦ 'ਚ ਉਹ ਰੇਲਵੇ ਟਰੈਕ ਦੇ ਨੇੜੇ ਬੇਹੋਸ਼ ਪਾਇਆ ਗਿਆ ਤੇ ਉਸ ਨੂੰ ਇਲਾਜ ਲਈ ਹਲਦਵਾਨੀ ਦੇ ਸੁਸ਼ੀਲਾ ਤਿਵਾਰੀ ਸਰਕਾਰੀ ਮੈਡੀਕਲ ਕਾਲਜ 'ਚ ਲਿਜਾਇਆ ਗਿਆ। ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲਿਸ ਨੇ ਪੋਸਟਮਾਰਟਮ ਤੋਂ ਬਾਅਦ ਲਾਸ਼ ਸ਼ਿਵਾਨੀ ਨੂੰ ਸੌਂਪ ਦਿੱਤੀ। ਉਸ ਨੇ ਆਪਣੇ ਭਰਾ ਦੀ ਲਾਸ਼ ਨੂੰ ਘਰ ਲਿਜਾਣ ਲਈ ਹਸਪਤਾਲ ਦੇ ਮੁਰਦਾਘਰ ਦੇ ਬਾਹਰ ਖੜ੍ਹੇ ਕਈ ਐਂਬੂਲੈਂਸ ਡਰਾਈਵਰਾਂ ਨਾਲ ਗੱਲ ਕੀਤੀ, ਪਰ ਉਨ੍ਹਾਂ ਕਿਰਾਏ ਵਜੋਂ 10 ਤੋਂ 12 ਹਜ਼ਾਰ ਰੁਪਏ ਮੰਗੇ। ਕਿਰਾਏ ਦਾ ਇੰਤਜ਼ਾਮ ਕਰਨ ਤੋਂ ਅਸਮਰੱਥ ਹੋਣ ਕਾਰਨ ਉਸ ਨੇ ਆਪਣੇ ਪਿੰਡ ਤੋਂ ਇਕ ਟੈਕਸੀ ਡਰਾਈਵਰ ਨੂੰ ਬੁਲਾਇਆ ਤੇ ਲਾਸ਼ ਨੂੰ ਗੱਡੀ ਦੀ ਛੱਤ ਨਾਲ ਬੰਨ੍ਹ ਕੇ 195 ਕਿਲੋਮੀਟਰ ਦਾ ਸਫ਼ਰ ਕਰਨ ਲਈ ਮਜਬੂਰ ਕੀਤਾ ਗਿਆ। ਇਸ ਘਟਨਾ ਬਾਰੇ ਪੁੱਛੇ ਜਾਣ 'ਤੇ ਸੁਸ਼ੀਲਾ ਤਿਵਾੜੀ ਸਰਕਾਰੀ ਮੈਡੀਕਲ ਕਾਲਜ ਦੇ ਪ੍ਰਿੰਸੀਪਲ ਡਾ: ਅਰੁਣ ਜੋਸ਼ੀ ਨੇ ਕਿਹਾ ਕਿ ਇਹ ਘਟਨਾ ਹਸਪਤਾਲ ਦੇ ਬਾਹਰ ਵਾਪਰੀ, ਜਿਸ ਕਾਰਨ ਇਹ ਉਨ੍ਹਾਂ ਦੇ ਧਿਆਨ 'ਚ ਨਹੀਂ ਆਇਆ। ਉਨ੍ਹਾਂ ਕਿਹਾ ਕਿ ਜੇ ਇਹ ਹਸਪਤਾਲ ਦੇ ਅੰਦਰ ਹੋਇਆ ਹੁੰਦਾ ਜਾਂ ਜੇ ਮੈਨੂੰ ਮਦਦ ਲਈ ਕਿਹਾ ਜਾਂਦਾ ਤਾਂ ਮੈਂ ਮਦਦ ਕੀਤੀ ਹੁੰਦੀ। ਹਸਪਤਾਲ ਦੇ ਬਾਹਰ ਖੜ੍ਹੇ ਮਰੀਜ਼ ਦੇ ਰਿਸ਼ਤੇਦਾਰਾਂ ਨੇ ਦੱਸਿਆ ਕਿ ਪ੍ਰਾਈਵੇਟ ਐਂਬੂਲੈਂਸਾਂ ਦੀ ਨਿਗਰਾਨੀ ਕੋਈ ਨਹੀਂ ਕਰਦਾ ਤੇ ਉਹ ਮਰੀਜ਼ਾਂ ਨੂੰ ਲਿਜਾਣ ਲਈ ਮੋਟੇ ਕਿਰਾਏ ਵਸੂਲਦੇ ਹਨ। ਸਰਕਾਰੀ ਬੁਲਾਰੇ ਨੇ ਦੱਸਿਆ ਕਿ ਧਾਮੀ ਨੇ ਸੂਬੇ ਦੇ ਸਿਹਤ ਸਕੱਤਰ ਡਾਕਟਰ ਆਰ ਰਾਜੇਸ਼ ਕੁਮਾਰ ਨੂੰ ਮਾਮਲੇ ਦੀ ਵਿਸਥਾਰਤ ਜਾਂਚ ਕਰਨ ਤੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਲਈ ਕਿਹਾ ਹੈ।

ਸ਼ੰਭੂ ਸਰਹੱਦ 'ਤੇ ਕਿਸਾਨਾਂ ਦੇ ਜਥੇ 'ਤੇ ਫੁੱਲ ਬਰਸਾਉਂਦੀ ਤੇ ਪਾਣੀ ਦੀਆਂ ਬੁਛਾੜਾਂ ਮਾਰਦੀ ਹੋਈ ਹਰਿਆਣਾ ਪੁਲਿਸ। ਤਸਵੀਰਾਂ : ਰਣਜੀਤ ਸਿੰਘ

ਦਿੱਲੀ ਜਾ ਰਹੇ ਕਿਸਾਨਾਂ 'ਤੇ..

(ਸਫ਼ਾ 1 ਦੀ ਬਾਕੀ)

ਗੰਭੀਰ ਹੋਣ ਕਾਰਨ ਪੀ.ਜੀ.ਆਈ. ਚੰਡੀਗੜ੍ਹ ਰੈਫ਼ਰ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਕਿਸਾਨ ਆਗੂ ਬਲਦੇਵ ਸਿੰਘ ਜ਼ੀਰਾ ਸੂਬਾ ਪ੍ਰਧਾਨ ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਕਰਨੈਲ ਸਿੰਘ ਲੰਗ ਬੀ.ਕੇ.ਯੂ. ਆਜ਼ਾਦ, ਜਰਨੈਲ ਸਿੰਘ ਸੂਬਾ ਆਗੂ, ਤੋਤਾ ਸਿੰਘ ਬੀ.ਕੇ.ਯੂ. ਬਹਿਰਾਮਕੇ ਤੇ ਮੇਜਰ ਸਿੰਘ ਕਸੇਰ ਕਿਸਾਨ ਸੰਘਰਸ਼ ਕਮੇਟੀ ਦੀ ਅਗਵਾਈ 'ਚ 101 ਕਿਸਾਨਾਂ ਦਾ ਜਥਾ ਅੱਜ 12 ਵਜੇ ਹਰਿਆਣੇ ਵੱਲ ਵਧਿਆ, ਪਰ ਉਨ੍ਹਾਂ ਨੂੰ ਸਰਹੱਦ 'ਤੇ ਹੀ ਰੋਕ ਲਿਆ ਗਿਆ। ਕਿਸਾਨ ਕੰਕਰੀਟ ਦੀ ਕੰਧ ਅੱਗੇ ਵਧਣ ਦੇ ਯਤਨ ਕਰਦੇ ਰਹੇ, ਪਰ ਜਿਉਂ ਹੀ ਉਹ ਕੰਧ ਨੇੜੇ ਜਾਂਦੇ ਤਾਂ ਉਨ੍ਹਾਂ 'ਤੇ ਅੱਥਰੂ ਗੈਸ ਦੇ ਗੋਲੇ, ਪਾਣੀ ਦੀਆਂ ਬੁਛਾਰਾਂ ਤੇ ਕੈਮੀਕਲ ਵਾਲੇ ਫੁੱਲਾਂ ਦੀ ਵਰਖਾ ਕੀਤੀ ਜਾਂਦੀ ਰਹੀ। ਇਸ ਤਰ੍ਹਾਂ ਕਰੀਬ ਪੌਣੇ 3 ਵਜੇ ਮੋਰਚੇ ਦੇ ਆਗੂ ਸਰਵਨ ਸਿੰਘ ਪੰਧੇਰ ਸਰਹੱਦ 'ਤੇ ਗਏ ਤੇ ਕਿਸਾਨਾਂ ਦੇ ਜਥੇ ਨੂੰ ਵਾਪਸ ਬੁਲਾ ਲਿਆਏ। ਉਪਰੰਤ ਪ੍ਰੈੱਸ ਕਾਨਫ਼ਰੰਸ ਦੌਰਾਨ ਉਨ੍ਹਾਂ ਕਿਹਾ ਕਿ ਸਰਕਾਰਾਂ ਭਾਵੇਂ ਜਿੰਨਾ ਮਰਜ਼ੀ ਕਿਸਾਨਾਂ 'ਤੇ ਤਸ਼ੱਦਦ ਢਾਹ ਲੈਣ ਕਿਸਾਨਾਂ ਦਾ ਸੰਘਰਸ਼ ਚੱਲਦਾ ਰਹੇਗਾ। ਉਨ੍ਹਾਂ ਦੱਸਿਆ ਕਿ ਮੋਰਚੇ ਦਾ ਅਗਲਾ ਪ੍ਰੋਗਰਾਮ ਕਿਸਾਨ ਆਗੂਆਂ ਦੀ ਮੀਟਿੰਗ ਤੋਂ ਬਾਅਦ ਕੱਲ੍ਹ ਦੱਸਿਆ ਜਾਵੇਗਾ।

ਰਾਜੌਰੀ 'ਚ ਜ਼ਹਿਰਬਾਦ ਕਾਰਨ...

(ਸਫ਼ਾ 1 ਦੀ ਬਾਕੀ)

ਉਸ ਦੀ ਪਤਨੀ ਤੇ ਬੱਚਿਆਂ ਨੂੰ ਇਲਾਜ ਲਈ ਜੰਮੂ ਭੇਜ ਦਿੱਤਾ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਜੰਮੂ ਦੇ ਹਸਪਤਾਲ 'ਚ ਤਿੰਨ ਬੱਚਿਆਂ ਦੀ ਵੀ ਮੌਤ ਹੋ ਗਈ। ਉਨ੍ਹਾਂ ਦੀ ਪਛਾਣ ਰਾਬੀਆ ਕੌਸਰ (15), ਫ਼ਰਮਾਨਾ ਕੌਸਰ (12) ਤੇ ਚਾਰ ਸਾਲਾ ਰਫ਼ਤਰ ਅਹਿਮਦ ਵਜੋਂ ਹੋਈ। ਅਖ਼ਤਰ ਤੇ ਉਸ ਦੀ ਦੂਜੀ ਧੀ ਰੁਕਸਾਰ (12) ਦਾ ਇਲਾਜ ਜਾਰੀ ਸੀ।

ਦਿੱਲੀ ਕੂਚ ਇਕ ਦਿਨ ਲਈ ਮੁਲਤਵੀ ਅਗਲੀ ਰਣਨੀਤੀ ਬਾਰੇ ਖੁਲਾਸਾ ਅੱਜ-ਪੰਧੇਰ

ਸ਼ੰਭੂ ਬੈਰੀਅਰ 'ਤੇ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ ਸਰਵਣ ਸਿੰਘ ਪੰਧੇਰ। ਤਸਵੀਰ : ਰਣਜੀਤ ਸਿੰਘ

ਰਾਜਪੁਰਾ, 8 ਦਸੰਬਰ (ਰਣਜੀਤ ਸਿੰਘ)-ਕਿਸਾਨ ਆਗੂ ਸਰਵਣ ਸਿੰਘ ਪੰਧੇਰ, ਦਿਲਬਾਗ ਸਿੰਘ, ਤੇਜਬੀਰ ਸਿੰਘ ਤੇ ਹੋਰਾਂ ਨੇ ਦੱਸਿਆ ਕਿ ਕਿਸਾਨਾਂ ਦੀ ਅਗਲੀ ਰਣਨੀਤੀ ਕੱਲ੍ਹ ਨੂੰ ਦੱਸੀ ਜਾਵੇਗੀ। ਉਨ੍ਹਾਂ ਦੱਸਿਆ ਕਿ ਅੱਜ 101 ਜਥੇ ਦੇ ਮੈਂਬਰਾਂ 'ਤੇ ਹਰਿਆਣਾ ਪੁਲਿਸ ਤੇ ਅਰਧ ਸੈਨਿਕ ਬਲਾਂ ਨੇ ਪੈਲੇਟ ਗੰਨ, ਅੱਥਰੂ ਗੈਸ, ਪਾਣੀ ਦੀਆਂ ਬੁਛਾੜਾਂ, ਕੈਮੀਕਲ ਯੁਕਤ ਮਿਰਚਾਂ ਦਾ ਸਪਰੇਅ ਵਰਤ ਕੇ ਜਬਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਅੱਜ ਵੱਖ-ਵੱਖ ਜਥੇਬੰਦੀਆਂ ਦੇ 7 ਕਿਸਾਨ ਜ਼ਖ਼ਮੀ ਹੋਏ ਹਨ, ਜਿਨ੍ਹਾਂ ਨੂੰ ਹਸਪਤਾਲ ਦਾਖ਼ਲ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਕਿਸਾਨਾਂ ਨੂੰ ਤਾਂ ਖ਼ਾਲਿਸਤਾਨੀ, ਵੱਖਵਾਦੀ, ਨਕਸਲੀ ਸ਼ਬਦਾਂ ਨਾਲ ਸੰਬੋਧਨ ਕਰਦੀ ਸੀ। ਅੱਜ ਮੀਡੀਆ ਨੂੰ ਵੀ ਨਕਸਲੀ ਕਿਹਾ ਗਿਆ ਹੈ। ਪੰਧੇਰ ਨੇ ਕਿਹਾ ਕਿ ਪਟਿਆਲਾ ਪੁਲਿਸ ਵਲੋਂ ਸਵੇਰੇ ਮੀਡੀਆ ਕਰਮੀਆਂ ਨੂੰ ਕਵਰੇਜ਼ ਕਰਨ ਤੋਂ ਰੋਕਣਾ ਗਲਤ ਸੀ। ਫਿਰ ਬਾਅਦ 'ਚ ਪੁਲਿਸ ਨੇ ਹੋਰ ਪੈਂਤੜਾ ਅਖਤਿਆਰ ਕਰ ਲਿਆ ਸੀ ਕਿ ਉਹ ਤਾਂ ਪੱਤਰਕਾਰਾਂ ਦੀ ਭਲਾਈ ਲਈ ਰੋਕ ਰਹੇ ਸਨ। ਕਿਸਾਨ ਆਗੂ ਨੇ ਕਿਹਾ ਕਿ ਕੱਲ੍ਹ ਦੋਵਾਂ ਫੋਰਮਾਂ ਦੀ ਮੀਟਿੰਗ ਕਰਕੇ ਅਗਲੀ ਰਣਨੀਤੀ ਦੱਸੀ ਜਾਵੇਗੀ। ਆਗੂਆਂ ਨੇ ਮੀਡੀਆ 'ਤੇ ਕੀਤੇ ਹਮਲੇ ਦੀ ਨਿੰਦਾ ਕੀਤੀ ਹੈ। ਆਗੂਆਂ ਨੇ ਦੱਸਿਆ ਕਿ ਖਨੌਰੀ ਸਰਹੱਦ 'ਤੇ ਆਗੂ ਜਗਜੀਤ ਸਿੰਘ ਡੱਲੇਵਾਲ ਮਰਨ ਵਰਤ 'ਤੇ ਬੈਠੇ ਹਨ ਤੇ ਉਨ੍ਹਾਂ ਦੀ ਹਾਲਤ ਵੀ ਖਰਾਬ ਹੁੰਦੀ ਜਾ ਰਹੀ ਹੈ।

ਹਿਰਾਸਤ 'ਚ ਤਸ਼ੱਦਦ ਮਾਮਲੇ...

(ਸਫ਼ਾ 1 ਦੀ ਬਾਕੀ)

'ਚ 1990 'ਚ ਹਿਰਾਸਤ 'ਚ ਹੋਈ ਮੌਤ ਦੇ ਮਾਮਲੇ 'ਚ ਉਮਰ ਕੈਦ ਤੇ 1996 'ਚ ਪਾਲਨਪੁਰ ਵਿਚ ਰਾਜਸਥਾਨ ਦੇ ਇਕ ਵਕੀਲ ਨੂੰ ਫਸਾਉਣ ਲਈ ਨਸ਼ੀਲਾ ਪਦਾਰਥ ਰੱਖਣ ਨਾਲ ਜੁੜੇ ਮਾਮਲੇ 'ਚ 20 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਸੀ। ਉਹ ਇਸ ਸਮੇਂ ਰਾਜਕੋਟ ਦੀ ਕੇਂਦਰੀ ਜੇਲ੍ਹ 'ਚ ਬੰਦ ਹੈ। ਅਦਾਲਤ ਨੇ ਕਿਹਾ ਕਿ ਸਰਕਾਰ ਧਿਰ ਇਨ੍ਹਾਂ ਦੋਸ਼ਾਂ ਨੂੰ ਸਾਬਿਤ ਨਹੀਂ ਕਰ ਸਕੀ ਕਿ ਸ਼ਿਕਾਇਤਕਰਤਾ ਨੂੰ ਅਪਰਾਧ ਕਬੂਲ ਕਰਨ ਲਈ ਮਜਬੂਰ ਕੀਤਾ ਗਿਆ ਤੇ ਖ਼ਤਰਨਾਕ ਹਥਿਆਰਾਂ ਦੀ ਵਰਤੋਂ ਕਰ ਕੇ ਅਤੇ ਧਮਕੀਆਂ ਦੇ ਕੇ ਆਤਮ ਸਮਰਪਣ ਲਈ ਮਜਬੂਰ ਕੀਤਾ ਗਿਆ ਸੀ। ਅਦਾਲਤ ਨੇ ਇਸ ਗੱਲ 'ਤੇ ਵੀ ਗੌਰ ਕੀਤਾ ਕਿ ਮਾਮਲੇ 'ਚ ਮੁਲਜ਼ਮ ਖ਼ਿਲਾਫ਼ ਮੁਕੱਦਮਾ ਚਲਾਉਣ ਲਈ ਲੋੜੀਂਦੀ ਮਨਜ਼ੂਰੀ ਵੀ ਨਹੀਂ ਲਈ ਗਈ ਸੀ।

ਊਧਮਪੁਰ 'ਚ ਖ਼ੁਦਕੁਸ਼ੀ...

(ਸਫ਼ਾ 1 ਦੀ ਬਾਕੀ)

ਮਾਤਾ ਮੰਦਿਰ ਨੇੜੇ ਪੁਲਿਸ ਵੈਨ 'ਚ ਦੋ ਪੁਲਿਸ ਮੁਲਾਜ਼ਮਾਂ ਦੀਆਂ ਗੋਲੀਆਂ ਨਾਲ ਵਿੰਨ੍ਹੀਆਂ ਲਾਸ਼ਾਂ ਪਈਆਂ ਦੇਖੀਆਂ ਗਈਆਂ। ਅਧਿਕਾਰੀਆਂ ਨੇ ਦੱਸਿਆ ਕਿ ਹੈੱਡ ਕਾਂਸਟੇਬਲ ਨੇ ਖ਼ੁਦਕੁਸ਼ੀ ਕਰਨ ਤੋਂ ਪਹਿਲਾਂ ਕਿਸੇ ਵਿਵਾਦ ਨੂੰ ਲੈ ਕੇ ਡਰਾਈਵਰ 'ਤੇ ਗੋਲੀ ਚਲਾ ਦਿੱਤੀ। ਉਨ੍ਹਾਂ ਦੱਸਿਆ ਕਿ ਇਕ ਹੋਰ ਸਿਪਾਹੀ, ਜੋ ਕਿ ਗੱਡੀ 'ਚ ਸਫ਼ਰ ਕਰ ਰਿਹਾ ਸੀ, ਵਾਲ-ਵਾਲ ਬਚ ਗਿਆ ਤੇ ਉਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਊਧਮਪੁਰ ਦੇ ਸੀਨੀਅਰ ਪੁਲਿਸ ਕਪਤਾਨ ਅਮੋਦ ਅਸ਼ੋਕ ਨਾਗਪੁਰੇ ਨੇ ਦੱਸਿਆ ਕਿ ਦੋਸ਼ੀ ਨੇ ਗੋਲੀਬਾਰੀ 'ਚ ਆਪਣੀ ਏ.ਕੇ. 47 ਅਸਾਲਟ ਰਾਈਫਲ ਦੀ ਵਰਤੋਂ ਕੀਤੀ।

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

ਪਾਠ ਦਾ ਭੋਗ ਅਤੇ ਅੰਤਿਮ ਅਰਦਾਸ

ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਸਤਿਕਾਰਯੋਗ ਸਵ. ਸ. ਅਮਰੀਕ ਸਿੰਘ ਸ਼ਕਰੀ ਅਤੇ ਸਰਦਾਰਨੀ ਅਮਰੀਕ ਕੌਰ ਦਾ ਪੋਤਰਾ, ਸ. ਦਵਿੰਦਰ ਸਿੰਘ ਸ਼ਕਰੀ ਅਤੇ ਸਰਦਾਰਨੀ ਰੁਪਿੰਦਰ ਕੌਰ ਦਾ ਸਪੁੱਤਰ

ਸ. ਤਨਵੀਰ ਸਿੰਘ ਸ਼ਕਰੀ

ਸਾਨੂੰ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਨਾਂ 'ਚ ਜਾ ਬਿਰਾਜੇ ਹਨ। ਉਨ੍ਹਾਂ ਦੀ ਆਤਮਿਕ ਸ਼ਾਂਤੀ ਵਾਸਤੇ ਅਰੰਭ ਕੀਤੇ ਗਏ

ਸ੍ਰੀ ਅਖੰਡ ਪਾਠ ਸਾਹਿਬ ਜੀ ਦਾ ਭੋਗ

ਮਿਤੀ 11 ਦਸੰਬਰ 2024 ਦਿਨ ਬੁੱਧਵਾਰ ਨੂੰ ਉਨ੍ਹਾਂ ਦੇ ਗ੍ਰਹਿ ਵਿਖੇ ਪੈਣ ਉਪਰੰਤ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਗੁਰਦੁਆਰਾ ਛੇਵੀਂ ਪਾਤਿਸ਼ਾਹੀ, ਏ.ਬੀ. ਬਲਾਕ ਰਣਜੀਤ ਐਵੀਨਿਊ, ਅੰਮ੍ਰਿਤਸਰ ਵਿਖੇ ਦੁਪਹਿਰ 1 ਤੋਂ 2 ਵਜੇ ਤੱਕ ਹੋਵੇਗਾ। ਆਪ ਜੀ ਨੂੰ ਅੰਤਿਮ ਅਰਦਾਸ 'ਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ।

ਗੁਰੂ ਦੇ ਭਾਣੇ 'ਚ

ਕੰਵਲਜੀਤ ਕੌਰ-ਗੁਰਤੇਜ ਸਿੰਘ ਗਿੱਲ (ਭੂਆ-ਫੁੱਫੜ)
ਹਰਜਿੰਦਰ ਸਿੰਘ ਸ਼ਕਰੀ-ਪਰਵੀਨ ਕੌਰ (ਚਾਚਾ-ਚਾਚੀ)
ਰਾਬੀਆ-ਅਮੀਤੋਜ ਸਿੰਘ ਗਿੱਲ (ਭੈਣ-ਜੀਜਾ)
ਸ਼ਦਬ, ਹਰਸ਼ਲ, ਅਮੀਤੇਸ਼ਵਰ (ਭਰਾ)
ਸਮੂਹ ਰਿਸ਼ਤੇਦਾਰ ਤੇ ਸੱਜਣ ਮਿੱਤਰ

ਵੱਲੋਂ : ਭੋਲਾ ਸਿੰਘ ਸ਼ਕਰੀ ਟਰਾਂਸਪੋਰਟਰ ਤੇ ਸਮੂਹ ਸ਼ਕਰੀ ਪਰਿਵਾਰ
ਮੋ. 98150-84747, 77300-00047

ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ।।

ਪਾਠ ਦਾ ਭੋਗ ਅਤੇ ਅੰਤਿਮ ਅਰਦਾਸ

ਗੁਰਸਿਮਰਨ ਕੌਰ (ਸਿੰਮੂ)

ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੀ ਪਿਆਰੀ ਬੇਟੀ **ਗੁਰਸਿਮਰਨ ਕੌਰ (ਸਿੰਮੂ)** ਪਿਛਲੇ ਦਿਨੀਂ ਗੁਰੂ ਚਰਨਾਂ ਵਿਚ ਜਾ ਬਿਰਾਜੀ ਹੈ। ਜਿਸ ਨਮਿਤ ਰੱਖੇ ਸ੍ਰੀ ਸਹਿਜ ਪਾਠ ਜੀ ਦਾ ਭੋਗ ਮਿਤੀ 10 ਦਸੰਬਰ 2024, ਦਿਨ ਮੰਗਲਵਾਰ ਦੁਪਹਿਰ 12 ਤੋਂ 1 ਵਜੇ ਤੱਕ ਗੁਰਦੁਆਰਾ ਸ੍ਰੀ ਅਕਾਲਗੜ੍ਹ ਸਾਹਿਬ, ਨੇੜੇ ਓਮ ਜੀ ਪੈਲੇਸ ਧਨੌਲਾ ਰੋਡ ਬਰਨਾਲਾ ਵਿਖੇ ਪਵੇਗਾ। ਆਪ ਜੀ ਨੇ ਅੰਤਿਮ ਅਰਦਾਸ ਮੌਕੇ ਸ਼ਾਮਿਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ।

ਗੁਰੂ ਦੇ ਭਾਣੇ ਵਿਚ:

ਗੁਰਦੇਵ ਕੌਰ (ਦਾਦੀ)
ਕਮਲਜੀਤ ਕੌਰ (ਮਾਤਾ)
ਸੁਰਜੀਤ ਕੌਰ (ਤਾਈ)
ਬਲਵੰਤ ਸਿੰਘ ਅੰਬਰੀ (ਪਿਤਾ)
ਚਰਨ ਸਿੰਘ ਭੋਲਾ (ਤਾਇਆ)

ਸਮੂਹ ਜਾਗਲ ਪਰਿਵਾਰ। ਸੰਪਰਕ : 98159-33132

ਵਲੋਂ : ਖੁਸ਼ਵਿੰਦਰ ਸਿੰਘ ਧਾਲੀਵਾਲ, ਬਲਤੇਜ ਸਿੰਘ ਨੀਟੂ ਵੀਨਸ, ਰਵਿੰਦਰ ਸਿੰਘ ਰੰਮੀ ਢਿੱਲੋਂ, ਜਗਜੀਤ ਸਿੰਘ ਜੱਗੂ ਮੋਰ, ਬਲਜੀਤ ਸਿੰਘ ਔਲਖ ਅਜੈਬ ਸਿੰਘ ਸਿੱਧੂ, ਪ੍ਰਵੇਸ਼ ਕੁਮਾਰ ਪਟਵਾਰੀ, ਹਰੀਸ਼ ਸ਼ਰਮਾ।